# ਨਵਜਾਤ ਬੱਚੇ ਵਿੱਚ ਖਤਰੇ ਦੇ ਲੱਛਣ

## ਖਤਰੇ ਦੇ ਲੱਛਣ

- ਨਵਜਾਤ ਬੱਚਿਆਂ ਵਿੱਚ ਕਈ ਵਾਰ ਜਾਨਲੇਵਾ ਸਮੱਸਿਆਵਾਂ ਵਿਕਸਿਤ ਹੁੰਦੀਆਂ ਹਨ।
- ਪਰਿਵਾਰਾਂ ਨੂੰ ਇਹਨਾਂ ਸਮੱਸਿਆਵਾਂ ਦੇ ਲੱਛਣਾਂ ਨੂੰ ਜਲਦ ਸਮਝਣਾ ਚਾਹੀਦਾ ਹੈ ਅਤੇ ਬੱਚੇ ਨੂੰ ਨੇੜੇ ਦੇ ਹਸਪਤਾਲ ਲੈ ਜਾਣਾ ਚਾਹੀਦਾ ਹੈ। ਇਹ ਲੱਛਣ ਹਨ:
    - ਬੱਚਾ ਦੁੱਧ ਨਾ ਚੁੰਘੇ ਜਾਂ ਖਰਾਬ ਤਰੀਕੇ ਨਾਲ ਦੁੱਧ ਚੁੰਘੇ।
    - ਬੱਚਾ ਨਾ ਰੋਵੇ ਅਤੇ/ਜਾਂ ਸਾਹ ਲੈਣ ਵਿੱਚ ਦਿੱਕਤ ਮਹਿਸੂਸ ਕਰੇ।
    - ਬੱਚੇ ਨੂੰ ਛੂਹਣ ਤੇ ਗਰਮ ਜਾਂ ਠੰਡਾ ਲੱਗੇ।
    - ਬੱਚੇ ਦੀਆਂ ਹਥੇਲੀਆਂ ਅਤੇ ਤਲੀਆਂ ਤੇ ਪੀਲੇ ਦਾਗ ਦਿਖਣ।
    - ਬੱਚਾ ਅਸਧਾਰਨ ਹਰਕਤਾਂ (ਮਰੋੜ) ਕਰੇ।
    - ਬੱਚਾ ਜ਼ਿਆਦਾ ਸੁਸਤ ਹੋਵੇ, ਬਿਨਾਂ ਦੁੱਧ ਪੀਤੇ ਲੰਬਾ ਸਮਾਂ ਸੋਵੇ ਜਾਂ ਲਗਾਤਾਰ ਰੋਂਦਾ ਰਹੇ।
    - ਬੱਚੇ ਦੇ ਸਰੀਰ ਤੇ ਫੋੜੇ ਜਾਂ ਤੁੰਨ ਤੇ ਲਾਲੀ ਹੋਵੇ ਜਾਂ ਤੁੰਨ ਵਿੱਚੋਂ ਪਾਕ/ਖੂਨ ਨਿਕਲਦਾ ਹੋਵੇ।




**ਨਿਯਮਿਤ ਚੈਕਅਪ ਅਤੇ ਐਮਰਜੈਂਸੀ ਲਈ ਆਪਣੇ ਪਿੰਡ ਅਤੇ ਨੇੜੇ ਦੇ ਸਥਾਨ ਤੇ ਸਿਹਤ ਸੇਵਾਵਾਂ ਉਪਲਬਧ ਹਨ।**

### ਬੱਚੇ ਲਈ ਲੋੜ ਦੀ ਸਥਿਤੀ ਵਿੱਚ ਕਿਸ ਨਾਲ ਸੰਪਰਕ ਕੀਤਾ ਜਾਵੇ

- ਆਪਣੇ ਨਜ਼ਦੀਕੀ ਸਿਹਤ ਕੇਂਦਰ ਬਾਰੇ ਪਹਿਲੇ ਤੋਂ ਹੀ ਜਾਣਕਾਰੀ ਰੱਖੋ।
- ਜਦੋਂ ਤੁਹਾਡਾ ਬੱਚਾ ਬਿਮਾਰ ਹੋਵੇ, ਤਾਂ ਤੁਹਾਨੂੰ ਹਸਪਤਾਲ ਜਾਣਾ ਚਾਹੀਦਾ ਹੈ ਜਾਂ ਕਿਸੇ ਸਿਹਤ ਕਰਮਚਾਰੀ ਨਾਲ ਸੰਪਰਕ ਕਰਨਾ ਚਾਹੀਦਾ ਹੈ।
- ਪਿੰਡ ਸਤਰ ਤੇ, ਆਸ਼ਾ/ਆਂਗਨਵਾੜੀ ਵਰਕਰ ਤੁਹਾਡੀ ਮਦਦ ਲਈ ਮੌਜੂਦ ਹੁੰਦੇ ਹਨ।
- ਆਸ਼ਾ/ਆਂਗਨਵਾੜੀ ਵਰਕਰ ਇੱਥੇ ਦੁੱਧ ਪਿਲਾਉਣ, ਬੱਚੇ ਦੀ ਦੇਖਭਾਲ ਅਤੇ/ਜਾਂ ਤੁਹਾਡੀ ਬਿਮਾਰੀ ਦੌਰਾਨ ਤੁਹਾਡੀ ਸਹਾਇਤਾ ਲਈ ਹਨ।
- ਪਿੰਡ ਸਤਰ ਤੇ ਅਨੇਕਾ ਸਿਹਤ ਸੰਬੰਧੀ ਸੇਵਾਵਾਂ ਤੁਹਾਡੇ ਬੱਚੇ ਲਈ ਬਿਨਾਂ ਕਿਸੇ ਲਾਗਤ ਦੇ ਉਪਲਬਧ ਹਨ ਜਿਵੇਂ ਟੀਕਾਕਰਨ, ਵਾਧੇ ਦੀ ਜਾਂਚ ਅਤੇ ਪੋਸ਼ਣ ਸੰਬੰਧੀ ਸਹਾਇਤਾ ਸੇਵਾਵਾਂ।

## *ਸੰਕਰਮਣ ਤੋਂ ਬਚਣ ਲਈ ਸਧਾਰਨ ਸਫਾਈ*



- ਅਨੇਕਾਂ ਸੰਕਰਮਣ ਅਤੇ ਰੋਗਾਂ ਨੂੰ ਕੁਝ ਸਧਾਰਨ ਸਫਾਈ ਅਭਿਆਸਾਂ ਦਾ ਪਾਲਣ ਕਰਕੇ ਰੋਕਿਆ ਜਾ ਸਕਦਾ ਹੈ। ਹੱਥ ਸਾਫ਼ ਕਰਨ, ਬਿਸਤਰ ਸਾਫ਼ ਰੱਖਣ, ਕਮਰਾ ਸਾਫ਼ ਰੱਖਣ, ਹਵਾ ਸਾਫ਼ ਰੱਖਣ, ਜਲ ਸਾਫ਼ ਰੱਖਣ, ਪਖਾਨਾ ਸਾਫ਼ ਰੱਖਣ, ਆਲਾ-ਦੁਆਲਾ ਸਾਫ਼ ਰੱਖਣ ਨਾਲ ਮਾਂ ਅਤੇ ਬੱਚੇ ਦੇ ਅਨੇਕਾਂ ਸੰਕਰਮਣਾਂ ਤੋਂ ਬਚਿਆ ਜਾ ਸਕਦਾ ਹੈ।
- ਸੰਕਰਮਣ ਜਿਵੇਂ ਦਸਤ ਤੋਂ ਬਚਣ ਲਈ ਸਾਬੁਣ ਨਾਲ ਹੱਥ ਧੋਣਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਿਆਂ ਵਿੱਚੋਂ ਇੱਕ ਹੈ।



- ਦੁੱਧ ਪਿਲਾਉਣ, ਭੋਜਨ ਪਕਾਉਣ, ਖਾਣ, ਬੱਚੇ ਦਾ ਪਿਸ਼ਾਬ/ਟੱਟੀ ਸਾਫ਼ ਕਰਨ ਜਾਂ ਲੰਗੋਟ ਬਦਲਣ, ਪਖਾਨਾ ਵਰਤਣ ਤੋਂ ਬਾਅਦ, ਅਤੇ ਇਸ ਤੋਂ ਇਲਾਵਾ ਜਦੋਂ ਜਰੂਰੀ ਹੋਵੇ ਤਾਂ ਆਪਣੇ ਹੱਥ ਧੋਵੋ।
- ਬੱਚੇ ਦਾ ਕਮਰਾ ਸਾਫ਼ ਰੱਖੋ। ਸਾਫ਼ ਕੱਪੜੇ ਵਰਤੋ, ਬੱਚੇ ਅਤੇ ਖੁਦ ਲਈ ਕੰਬਲ/ਚਾਦਰਾਂ ਵਰਤੋਂ।
- ਆਪਣੇ ਨਹੁੰਆਂ ਨੂੰ ਨਿਯਮਿਤ ਤੌਰ ਤੇ ਸਾਫ਼ ਰੱਖੋ ਅਤੇ ਕੱਟ ਕੇ ਰੱਖੋ।
- ਪਰਿਵਾਰ ਦੇ ਸਾਰੇ ਜੀਆਂ ਨੂੰ ਸਫਾਈ ਪਦਤੀਆਂ ਦਾ ਪਾਲਣ ਕਰਨਾ ਚਾਹੀਦਾ ਹੈ।

**ਜਨਮ ਸਮੇਂ ਘੱਟ ਵਜ਼ਨ ਵਾਲੇ ਬੱਚੇ ਬੀਮਾਰ ਹੋਣ ਦੇ ਜ਼ਿਆਦਾ ਖਤਰੇ ਤੇ ਹੁੰਦੇ ਹਨ ਅਤੇ ਜੇ ਸੰਭਾਲ ਨਾ ਕੀਤੀ ਜਾਵੇ ਤਾਂ ਬਾਅਦ ਵਿੱਚ ਕਮਜ਼ੋਰ ਰਹਿੰਦੇ ਹਨ। ਉਹਨਾਂ ਨੂੰ ਦੁੱਧ ਚੁੰਘਣ ਵਿੱਚ ਸਮੱਸਿਆ ਹੋ ਸਕਦੀ ਹੈ। ਉਸ ਸਥਿਤੀ ਵਿੱਚ ਮਾਂ ਦਾ ਦੁੱਧ ਕੱਢ ਕੇ ਚਮਚ ਨਾਲ ਦਿੱਤਾ ਜਾ ਸਕਦਾ ਹੈ।**

## ਆਂਗਨਵਾੜੀ ਵਰਕਰ ਯਕੀਨੀ ਬਣਾਉਂਦੀ ਹੈ

- ਜੇ ਕਿਸੇ ਖਤਰੇ ਦਾ ਲੱਛਣ ਦਿਖਦਾ ਹੈ, ਤਾਂ ਬੱਚੇ ਨੂੰ ਤੁਰੰਤ ਹਸਪਤਾਲ ਲੈ ਜਾਇਆ ਜਾਵੇ।
- ਹਸਪਤਾਲ ਲੈ ਜਾਣ ਸਮੇਂ, ਬੱਚਾ ਚੰਗੀ ਤਰ੍ਹਾਂ ਲਪੇਟਿਆ ਹੋਵੇ, ਗਰਮ ਹੋਵੇ ਅਤੇ ਲੈ ਜਾਣ ਦੌਰਾਨ ਲਗਾਤਾਰ ਦੁੱਧ ਪੀਂਦਾ ਰਹੇ।
- ਬੱਚਾ ਬਿਮਾਰ ਜਾਂ ਸੰਕਰਾਮਕ ਰੋਗਾਂ ਵਾਲੇ ਲੋਕਾਂ ਤੋਂ ਦੂਰ ਰੱਖਿਆ ਜਾਵੇ।
- ਪਰਿਵਾਰ ਨੂੰ ਨੇੜੇ ਦੇ ਸਬ-ਸੈਂਟਰ ਅਤੇ ਹਸਪਤਾਲ ਬਾਰੇ ਚੰਗੀ ਜਾਣਕਾਰੀ ਹੋਵੇ।
- ਪਰਿਵਾਰ ਆਪਣੇ ਨਵਜਾਤ ਬੱਚੇ ਅਤੇ ਮਾਂ ਲਈ ਉਪਲਬਧ ਵੱਖ-ਵੱਖ ਸਰਕਾਰੀ ਸੇਵਾਵਾਂ ਬਾਰੇ ਜਾਣੂੰ ਹੋਵੇ।